ਬੇਅਦਬੀ ਅਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਲੱਗੇ ਮੋਰਚੇ 'ਚ ਦਿਤੀ ਗ੍ਰਿਫ਼ਤਾਰੀ

ਅੰਮ੍ਰਿਤਪਾਲ ਸਿੰਘ ਦੀ ਤਰ੍ਹਾਂ ਮਜੀਠੀਏ 'ਤੇ ਵੀ ਐਨਐਸਏ ਲਾਉਣ ਦੀ ਮੰਗ

ਕੋਟਕਪੂਰਾ, 5 ਜੂਨ (ਗੁਰਿੰਦਰ ਸਿੰਘ) : ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ, ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲਿਆਂ ਅਤੇ ਸਿੱਖ ਨੌਜਵਾਨਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਲੱਗੇ ਬਰਗਾੜੀ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਦੇ ਸਿਲਸਿਲੇ ਵਿਚ 'ਅਕਾਲੀ ਦਲ ਵਾਰਿਸ ਪੰਜਾਬ ਦੇ' 29 ਮੈਂਬਰੀ ਜੱਥੇ ਦੀ ਅਗਵਾਈ ਕਰਦਿਆਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਆਖਿਆ ਕਿ ਬੇਅਦਬੀ ਅਤੇ ਗੋਲੀਕਾਂਡ ਦੇ ਦੋਸ਼ੀਆਂ ਦੀ ਸ਼ਨਾਖਤ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਜ਼ਾਵਾਂ ਨਾ ਮਿਲਣੀਆਂ ਜਿੱਥੇ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਦੋਹਰਾ ਮਾਪਦੰਡ ਬਿਆਨ ਕਰਦੀਆਂ ਹਨ, ਉੱਥੇ ਮੌਜੂਦਾ ਸਿਸਟਮ ਤੋਂ ਉੱਚੀ ਸੁੱਚੀ ਸੋਚ ਰੱਖਣ ਵਾਲੇ ਅਗਾਂਹਵਧੂ ਲੋਕਾਂ ਦਾ ਭਰੋਸਾ ਵੀ ਉਠਦਾ ਜਾ ਰਿਹਾ ਹੈ। ਜਥੇਬੰਦੀ ਦੇ ਮੁੱਖ ਬੁਲਾਰੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਅਤੇ ਮੀਡੀਆ ਇੰਚਾਰਜ ਪ੍ਰਗਟ ਸਿੰਘ ਮਖੂ ਸਮੇਤ ਉੱਘੀਆਂ ਪੰਥਕ ਸ਼ਖ਼ਸ਼ੀਅਤਾਂ ਨੇ ਆਖਿਆ ਕਿ ਜੇਕਰ ਅੰਮ੍ਰਿਤਪਾਲ ਸਿੰਘ ਖਾਲਸਾ 'ਤੇ ਥਾਣਾ ਘੇਰਨ ਦੇ ਮੁੱਦੇ 'ਤੇ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਵਲੋਂ ਐਨ.ਐਸ.ਏ. ਲਾਈ ਜਾ ਸਕਦੀ ਹੈ ਅਤੇ ਡਿਬਰੂਗੜ੍ਹ (ਆਸਾਮ) ਦੀ ਜੇਲ ਵਿਚ ਭੇਜਿਆ ਜਾ ਸਕਦਾ ਹੈ ਤਾਂ ਉਸੇ ਕਾਨੂੰਨ ਤਹਿਤ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਵੀ ਐਨਐਸਏ ਲਾ ਕੇ ਉਸਨੂੰ ਵੀ ਡਿਬਰੂਗੜ੍ਹ ਜੇਲ ਵਿਚ ਭੇਜਿਆ ਜਾਵੇ। ਅੰਮ੍ਰਿਤਪਾਲ ਸਿੰਘ ਦੀ ਪੈਰੋਲ ਰੱਦ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਨ੍ਹਾਂ ਆਖਿਆ ਕਿ ਇਹ ਗ਼ੈਰਕਾਨੂੰਨੀ ਅਤੇ ਗ਼ੈਰ ਸੰਵਿਧਾਨਕ ਫ਼ੈਸਲਾ ਕਰਵਾ ਕੇ ਜਮਹੂਰੀਅਤ ਦਾ ਘਾਣ ਕੀਤਾ ਗਿਆ ਹੈ। ਵਾਰਿਸ ਪੰਜਾਬ ਦੇ ਜਥੇਬੰਦੀ ਦੇ 29 ਮੈਂਬਰੀ ਜੱਥੇ ਨੇ ਗ੍ਰਿਫ਼ਤਾਰੀ ਦਿੰਦਿਆਂ ਦਸਿਆ ਕਿ ਅਗਲਾ ਜੱਥਾ 16 ਜੂਨ ਨੂੰ ਫਿਰ ਗ੍ਰਿਫ਼ਤਾਰੀ ਦੇਵੇਗਾ।

ਪੈਪੀਲੋਮਾ ਵਾਇਰਸ ਟੀਕਾਕਰਨ ਮੁਹਿੰਮ ਲਗਾਤਾਰ ਅੱਗੇ ਵੱਧ ਰਹੀ : ਡਾ. ਸਲਾਰੀਆ

ਚੰਡੀਗੜ੍ਹ, 5 ਜੂਨ (ਭੁੱਲਰ) : ਪੰਜਾਬ ਵਿਚ, ਹਿਊਮਨ ਪੈਪੀਲੋਮਾ ਵਾਇਰਸ (ਐਚ.ਪੀ.ਵੀ.) ਟੀਕਾਕਰਨ ਮੁਹਿੰਮ ਦੀ ਸ਼ੁਰੂਆਤੀ ਕਵਰੇਜ ਬਾਰੇ ਮੀਡੀਆ ਰਿਪੋਰਟਾਂ ਰੱਦ ਕਰਦਿਆਂ ਸਿਹਤ ਸੇਵਾਵਾਂ (ਪਰਵਾਰ ਭਲਾਈ) ਦੀ ਡਾਇਰੈਕਟਰ, ਡਾ. ਅਦਿੱਤੀ ਸਲਾਰੀਆ ਨੇ ਇਸ ਨੂੰ ਨਾਕਾਰਾਤਮ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਦਸਿਆ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਖੇਤਰ ਤੋਂ ਪ੍ਰਾਪਤ ਅੱਪਡੇਟ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਟੀਕਾਕਰਨ ਮੁਹਿੰਮ ਲਗਾਤਾਰ ਅੱਗੇ ਵਧ ਰਹੀ ਹੈ, ਜਿਸ ਤਹਿਤ ਘਰ-ਘਰ ਜਾ ਕੇ ਹੈੱਡਕਾਊਂਟ ਸਰਵੇਖਣ ਰਾਹੀਂ ਪਛਾਣੀਆਂ ਗਈਆਂ 1,84,484 ਯੋਗ ਕੁੜੀਆਂ ਵਿਚੋਂ 28,718 ਕੁੜੀਆਂ ਦਾ ਟੀਕਾਕਰਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਲਗਭਗ 16 ਫ਼ੀ ਸਦੀ ਕਵਰੇਜ ਹੋ ਚੁਕੀ ਹੈ। ਡਾ. ਅਦਿੱਤੀ ਸਲਾਰੀਆ ਨੇ ਟੀਕੇ ਦੀ ਸੁਰੱਖਿਆ ਅਤੇ ਗਰਭ ਧਾਰਨ ਕਰਨ ਵਿਚ ਇਸ ਦੇ ਮਾਰੂ ਪ੍ਰਭਾਵਾਂ ਬਾਰੇ ਐਚ.ਪੀ.ਵੀ. ਟੀਕਾ, ਵਿਗਿਆਨਕ ਤੌਰ 'ਤੇ ਮਨਜ਼ੂਰਸ਼ੁਦਾ ਟੀਕਾ ਹੈ, ਜੋ ਸਰਵਾਈਕਲ ਕੈਂਸਰ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਔਰਤਾਂ ਵਿਚ ਕੈਂਸਰ ਦੀ ਰੋਕਥਾਮ ਲਈ ਸਭ ਤੋਂ ਵੱਧ ਲਾਭਕਾਰੀ ਹੈ।

ਗੁਰਦੁਆਰਾ ਸੰਗਤਸਰ ਸਾਹਿਬ ਵਿਚ ਲੱਗੀ ਅੱਗ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਨੁਕਸਾਨੇ

ਅੰਮ੍ਰਿਤਸਰ, 5 ਜੂਨ (ਬਹੋੜੂ) : ਅੰਮ੍ਰਿਤਸਰ ਦੇ ਗੁਰੂ ਕੀ ਵਡਾਲੀ ਇਲਾਕੇ 'ਚ ਸਥਿਤ ਗੁਰਦੁਆਰਾ ਸੰਗਤਸਰ ਸਾਹਿਬ (ਬਾਬਾ ਸੰਗਤ ਸਿੰਘ ਜੀ) ਵਿਖੇ ਬੀਤੀ ਰਾਤ ਅੱਗ ਲੱਗਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਪਾਵਨ ਸਰੂਪਾਂ ਨੂੰ ਨੁਕਸਾਨ ਪਹੁੰਚਿਆ ਹੈ। ਜਾਣਕਾਰੀ ਅਨੁਸਾਰ ਸੁਖਾਸਨ ਅਸਥਾਨ 'ਤੇ ਲੱਗਾ ਪੱਖਾ ਰਾਤ ਸਮੇਂ ਗਰਮ ਹੋਣ ਕਾਰਨ ਅਚਾਨਕ ਅੱਗ ਦੀ ਲਪੇਟ ਵਿਚ ਆ ਗਿਆ। ਅੱਗ ਲੱਗਣ ਤੋਂ ਬਾਅਦ ਪੱਖਾ ਹੇਠਾਂ ਡਿੱਗ ਪਿਆ, ਜਿਸ ਕਾਰਨ ਨੇੜੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਭਾਵਤ ਹੋਏ। ਘਟਨਾ ਦੀ ਸੂਚਨਾ ਮਿਲਦੇ ਹੀ ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤ ਵਲੋਂ ਤੁਰਤ ਕਾਰਵਾਈ ਕੀਤੀ ਗਈ। ਮੁੱਢਲੀ ਜਾਣਕਾਰੀ ਮੁਤਾਬਕ ਦੋਵੇਂ ਪਾਵਨ ਸਰੂਪਾਂ ਦੀਆਂ ਜਿਲਤਾਂ ਨੂੰ ਨੁਕਸਾਨ ਪਹੁੰਚਿਆ ਹੈ, ਜਦਕਿ ਅੰਗ ਸੁਰੱਖਿਅਤ ਦੱਸੇ ਜਾ ਰਹੇ ਹਨ।

ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿਤੀ। ਕਮੇਟੀ ਵਲੋਂ ਘਟਨਾ ਸਬੰਧੀ ਵਿਸਥਾਰਪੂਰਵਕ ਰਿਪੋਰਟ ਤਿਆਰ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਜਾਵੇਗੀ। ਇਸ ਦੌਰਾਨ ਨੁਕਸਾਨੇ ਗਏ ਪਾਵਨ ਸਰੂਪਾਂ ਨੂੰ ਅਗਲੀ ਧਾਰਮਕ ਮਰਿਆਦਾ ਅਨੁਸਾਰ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਲਿਜਾਇਆ ਗਿਆ ਹੈ। ਉਧਰ, ਪੁਲਿਸ ਪ੍ਰਸ਼ਾਸਨ ਵੀ ਮਾਮਲੇ 'ਤੇ ਨਜ਼ਰ ਰੱਖ ਰਿਹਾ ਹੈ, ਪਰ ਸ਼੍ਰੋਮਣੀ ਕਮੇਟੀ ਦੀ ਜਾਂਚ ਰਿਪੋਰਟ ਆਉਣ ਤਕ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਰਿਪੋਰਟ ਦੇ ਆਧਾਰ 'ਤੇ ਹੀ ਅਗਲੀ ਕਾਰਵਾਈ ਬਾਰੇ ਫ਼ੈਸਲਾ ਲਿਆ ਜਾਵੇਗਾ।

ਗੁਰਦੁਆਰਾ ਸਾਹਿਬ 'ਚ ਲੱਗੀ ਅੱਗ, 4 ਪਾਵਨ ਸਰੂਪਾਂ ਨੂੰ ਪਹੁੰਚਿਆ ਨੁਕਸਾਨ

ਬਠਿੰਡਾ, 5 ਜੂਨ (ਸਿੰਗਲਾ) : ਬਠਿੰਡਾ ਦੇ ਨਜ਼ਦੀਕੀ ਪਿੰਡ ਜੱਸੀ ਪੌਂਵਾਲੀ ਸਥਿਤ ਗੁਰਦੁਆਰਾ ਢਾਬਸਰ ਸਾਹਿਬ ਵਿਖੇ ਬਿਜਲੀ ਦੇ ਬਲਬ ਵਿਚ ਹੋਏ ਸ਼ਾਰਟ ਸਰਕਟ ਕਾਰਨ ਸੱਚਖੰਡ ਸਾਹਿਬ ਵਿਚ ਅੱਗ ਲੱਗ ਗਈ। ਅੱਗ ਇੰਨੀ ਭਿਆਨਕ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਪਾਵਨ ਸਰੂਪ ਅਗਨ ਭੇਟ ਹੋ ਗਏ, ਜਦਕਿ ਗ੍ਰੰਥੀ ਸਿੰਘ ਅਤੇ ਸੇਵਾਦਾਰਾਂ ਦੀ ਮੁਸਤੈਦੀ ਸਦਕਾ ਕੁਝ ਸਰੂਪਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਮਾਮਲੇ ਦੀ ਪੂਰੀ ਪੜਤਾਲ ਧਰਮ ਪ੍ਰਚਾਰ ਕਮੇਟੀ ਰਾਹੀਂ ਕਰਵਾਈ ਜਾਵੇਗੀ।

ਇੰਜੀਨੀਅਰ ਪੁੰਨਰਦੀਪ ਸਿੰਘ ਨੇ ਪਾਵਰਕਾਮ ਦੇ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 5 ਜੂਨ (ਪਪ) : ਇੰਜੀਨੀਅਰ ਪੁੰਨਰਦੀਪ ਸਿੰਘ ਬਰਾੜ ਨੇ ਸ਼ੁਕਰਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਇਸ ਅਹਿਮ ਅਹੁਦੇ 'ਤੇ ਕੀਤੀ ਨਿਯੁਕਤੀ ਤੋਂ ਬਾਅਦ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ, ਇੰਜੀਨੀਅਰ ਬਰਾੜ ਲੁਧਿਆਣਾ ਵਿਖੇ ਇੰਜੀਨੀਅਰ-ਇਨ-ਚੀਫ਼ ਵਜੋਂ ਸੇਵਾ ਨਿਭਾ ਰਹੇ ਸਨ ਅਤੇ ਪੀ.ਐਸ.ਪੀ.ਸੀ.ਐਲ. ਵਿਚ ਸੇਵਾ ਕਰ ਰਹੇ ਚੀਫ਼ ਇੰਜੀਨੀਅਰਾਂ ਵਿਚੋਂ ਸਭ ਤੋਂ ਸੀਨੀਅਰ ਸਨ। ਬਿਜਲੀ ਖੇਤਰ ਵਿਚ 34 ਸਾਲਾਂ ਤੋਂ ਵੱਧ ਦੇ ਤਜਰਬੇ ਦੇ ਨਾਲ, ਉਹ ਇਸ ਅਹੁਦੇ ਲਈ ਵਿਆਪਕ ਤਕਨੀਕੀ ਅਤੇ ਪ੍ਰਸ਼ਾਸਨਿਕ ਮਾਹਰਤਾ ਰੱਖਦੇ ਹਨ। ਅਹੁਦਾ ਸੰਭਾਲਣ ਤੋਂ ਬਾਅਦ, ਇੰਜੀਨੀਅਰ ਬਰਾੜ ਨੇ ਉਹ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਅਤੇ ਸੂਬੇ ਦੇ ਬਿਜਲੀ ਉਤਪਾਦਨ (ਜਨਰੇਸ਼ਨ) ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਤਨਦੇਹੀ ਨਾਲ ਕੰਮ ਕਰਨ ਦਾ ਯਤਨ ਕਰਨਗੇ। ਬਰਾੜ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਝੋਨੇ ਦੇ ਸੀਜ਼ਨ ਦੌਰਾਨ, ਜਦੋਂ ਬਿਜਲੀ ਦੀ ਮੰਗ ਵਿਚ ਭਾਰੀ ਵਾਧਾ ਹੁੰਦਾ ਹੈ, ਪੰਜਾਬ ਦੇ ਥਰਮਲ ਅਤੇ ਹਾਈਡਲ (ਪਣ-ਬਿਜਲੀ) ਪਾਵਰ ਸਟੇਸ਼ਨਾਂ ਦੇ ਨਿਰਵਿਘਨ ਸੰਚਾਲਨ ਨੂੰ ਯਕੀਨੀ ਬਣਾਉਣਾ ਹੋਵੇਗੀ।

'ਯੁੱਧ ਨਸ਼ਿਆਂ ਵਿਰੁਧ' ਤਹਿਤ ਈ-ਰਿਕਸ਼ਾ ਅਭਿਆਨ 3,440 ਪਿੰਡਾਂ ਤਕ ਪਹੁੰਚਿਆ

ਚੰਡੀਗੜ੍ਹ, 5 ਜੂਨ (ਸਸਸ) : 'ਯੁੱਧ ਨਸ਼ਿਆਂ ਵਿਰੁਧ' ਨੂੰ ਪਿੰਡ ਪੱਧਰ 'ਤੇ ਖ਼ਾਸ ਤੌਰ 'ਤੇ ਨਿਯੁਕਤ ਕੀਤੇ ਗਏ ਈ-ਰਿਕਸ਼ਿਆਂ ਰਾਹੀਂ ਵੱਡਾ ਬਲ ਮਿਲ ਰਿਹਾ ਹੈ। ਇਹ ਈ-ਰਿਕਸ਼ੇ ਪੰਜਾਬ ਦੀਆਂ 86 ਵਿਧਾਨ ਸਭਾ ਹਲਕਿਆਂ ਵਿਚ ਚੱਲ ਰਹੇ ਹਨ ਅਤੇ ਲੋਕਾਂ 'ਚ ਨਸ਼ਿਆਂ ਵਿਰੋਧੀ ਜਾਗਰੂਕਤਾ ਲਈ ਇਕ ਪਾਇਲਟ ਪ੍ਰਾਜੈਕਟ ਦਾ ਹਿੱਸਾ ਹਨ। ਇਸ ਅਭਿਆਨ ਤਹਿਤ ਪਾਇਲਟ ਪ੍ਰਾਜੈਕਟ ਲਈ ਰਾਜ ਦੇ 23 ਜ਼ਿਲ੍ਹਿਆਂ ਵਿਚੋਂ ਹਰ ਜ਼ਿਲ੍ਹੇ ਤੋਂ ਇਕ ਵਿਧਾਨ ਸਭਾ ਹਲਕਾ ਚੁਣਿਆ ਗਿਆ ਹੈ। ਇਨ੍ਹਾਂ ਹਲਕਿਆਂ ਵਿਚ ਇਕ ਈ-ਰਿਕਸ਼ਾ, ਜੋ 40 ਪਿੰਡਾਂ ਨੂੰ ਕਵਰ ਕਰਦਾ ਹੈ, ਚਲਾਇਆ ਗਿਆ ਹੈ ਤਾਂ ਜੋ ਨਸ਼ਿਆਂ ਵਿਰੁਧ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਨਸ਼ਾ ਤਸਕਰਾਂ ਤੇ ਡੀ-ਐਡਿਕਸ਼ਨ ਦੀ ਲੋੜ ਵਾਲੇ ਲੋਕਾਂ ਬਾਰੇ ਗੁਪਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਪਹਿਲਾਂ ਹੀ ਇਹ ਈ-ਰਿਕਸ਼ਾ ਪਹਿਲ ਰਾਜ ਭਰ ਵਿਚ 3,440 ਪਿੰਡਾਂ ਤੱਕ ਪਹੁੰਚ ਕਰ ਚੁਕੀ ਹੈ, ਜੋ ਪੰਜਾਬ ਦੇ ਕੁੱਲ ਪਿੰਡਾਂ ਦਾ ਲਗਭਗ ਇਕ ਤਿਹਾਈ ਹੈ।

ਪੰਜਾਬ ਰਾਜ ਖ਼ੁਰਾਕ ਕਮਿਸ਼ਨ ਨੇ ਸਕੂਲ ਸਿਹਤ ਪ੍ਰੋਗਰਾਮਾਂ ਤੇ ਜਨਤਕ ਜਾਗਰੂਕਤਾ ਦੀ ਕੀਤੀ ਸਮੀਖਿਆ

ਚੰਡੀਗੜ੍ਹ, 5 ਜੂਨ (ਸਸਸ) : ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਇਕ ਉੱਚ-ਪਧਰੀ ਸਮੀਖਿਆ ਮੀਟਿੰਗ ਹੋਈ, ਜਿਸ ਵਿਚ ਸਕੂਲਾਂ ਵਿਚ ਪੋਸ਼ਣ ਸਬੰਧੀ ਬਗੀਚੀਆਂ , ਸਕੂਲ ਸਿਹਤ ਪ੍ਰੋਗਰਾਮਾਂ ਅਤੇ ਰਾਜ ਭਰ ਵਿਚ ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ, 2013 ਅਧੀਨ ਜਾਗਰੂਕਤਾ ਪਹਿਲਕਦਮੀਆਂ ਦੀ ਪ੍ਰਗਤੀ ਅਤੇ ਲਾਗੂਕਰਨ ਦਾ ਮੁਲਾਂਕਣ ਕੀਤਾ ਗਿਆ। ਮੀਟਿੰਗ ਵਿਚ ਸਰਕਾਰੀ ਸਕੂਲਾਂ ਵਿਚ ਪੋਸ਼ਣ ਸਬੰਧੀ ਬਗੀਚੀਆਂ ਦੀ ਸਥਾਪਨਾ ਅਤੇ ਕਾਰਜਸ਼ੀਲਤਾ ਦਾ ਜਾਇਜ਼ਾ ਲਿਆ ਗਿਆ ਤਾਂ ਜੋ ਬੱਚਿਆਂ ਵਿਚ ਖ਼ੁਰਾਕ ਵਿਭਿੰਨਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਪੈਦਾ ਕੀਤੀਆਂ ਜਾ ਸਕਣ। ਚੇਅਰਮੈਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਬਾਗ ਮਹਿਜ ਪ੍ਰਤੀਕਾਤਮਕ ਨਹੀਂ ਰਹਿਣੇ ਚਾਹੀਦੇ ਬਲਕਿ ਵਿਦਿਆਰਥੀਆਂ ਨੂੰ ਪੋਸ਼ਣ, ਟਿਕਾਊ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਬਾਰੇ ਵਿਹਾਰਕ ਸਿੱਖਿਆ ਪ੍ਰਦਾਨ ਕਰਨ ਲਈ ਸਕੂਲੀ ਪਾਠਕ੍ਰਮ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਅਧਿਕਾਰੀਆਂ ਨੂੰ ਬੱਚਿਆਂ ਲਈ ਪੌਸ਼ਟਿਕ ਭੋਜਨ ਯਕੀਨੀ ਬਣਾਉਣ ਲਈ ਮਿਡ-ਡੇਅ ਮੀਲ ਤਿਆਰ ਕਰਨ ਲਈ ਨਿਯਮਤ ਰੱਖ-ਰਖਾਅ, ਰਸੋਈਆਂ ਦੀ ਸਫ਼ਾਈ, ਰਸੋਈਏ ਲਈ ਢੁਕਵੀਂ ਸਿਖਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿਤੇ ਗਏ।

ਐਸਆਈਆਰ ਸਬੰਧੀ ਆਈ.ਟੀ. ਮਾਡਿਊਲਾਂ 'ਤੇ ਸਿਖਲਾਈ ਸੈਸ਼ਨ ਕਰਵਾਇਆ

ਚੰਡੀਗੜ੍ਹ, 5 ਜੂਨ (ਸਸਸ) : ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਵਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜਨ (ਐਸ.ਆਈ.ਆਰ.) 2026 ਲਈ ਪ੍ਰੋਗਰਾਮ ਦੀ ਪਾਲਣਾ ਤਹਿਤ ਪੰਜਾਬ, ਹਰਿਆਣਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਚੋਣ ਅਧਿਕਾਰੀਆਂ ਤੇ ਤਕਨੀਕੀ ਅਧਿਕਾਰੀਆਂ ਲਈ ਅੱਜ ਇਥੇ ਇਕ ਵੱਡ ਅਕਾਰੀ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਹ ਸਿਖਲਾਈ ਸੈਸ਼ਨ ਚੋਣ ਕਮਿਸ਼ਨ ਵਲੋਂ ਚੱਲ ਰਹੇ ਸਪੈਸ਼ਲ ਇੰਟੈਂਸਿਵ ਰਿਵੀਜਨ ਅਭਿਆਸ ਦੌਰਾਨ ਅਧਿਕਾਰੀਆਂ ਨੂੰ ਸਥਾਪਤ ਕੀਤੀਆਂ ਜਾ ਰਹੀਆਂ ਸੂਚਨਾ ਤਕਨਾਲੋਜੀ ਪ੍ਰਣਾਲੀਆਂ ਅਤੇ ਸਾਫਟਵੇਅਰ ਐਪਲੀਕੇਸ਼ਨਾਂ ਨਾਲ ਚੰਗੀ ਤਰ੍ਹਾਂ ਜਾਣੂ ਕਰਵਾਉਣ ਲਈ ਆਯੋਜਿਤ ਕੀਤਾ ਗਿਆ ਸੀ।

ਪੰਜਾਬ ਸਰਕਾਰ
ਟੈਂਡਰ ਨੋਟਿਸ ਨੰ. ਈ-ਟੈਂਡਰ/ਐਮਈ/ਏਐਮਈ/14(2026)
ਵਿਭਾਗ: ਮਿਊਂਸਪਲ ਕੌਂਸਲ ਗੋਬਿੰਦਗੜ੍ਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਇਲੈਕਟ੍ਰੀਕਲ ਕੰਮ ਲਈ ਬੋਲੀਆਂ ਮੰਗਦਾ ਹੈ:-
ਬੰਦ ਹੋਣ ਦੀ ਮਿਤੀ ਤੇ ਸਮਾਂ: 30-06-2026 ਸ਼ਾਮ 05.00 ਵਜੇ ਤੱਕ
ਵਧੇਰੇ ਜਾਣਕਾਰੀ ਲਈ ਲਾਗਇਨ ਕਰੋ: http://www/eproc.punjab.gov.in
ਨੋਟ: ਟੈਂਡਰ ਨੋਟਿਸ ਲਈ ਕੋਈ ਵੀ ਸੋਧ(ਾਂ) ਸਿਰਫ ਉਪਰੋਕਤ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।
ਕਾਰਜ ਸਾਧਕ ਅਫਸਰ, ਮਿਊਂਸਪਲ ਕੌਂਸਲ, ਗੋਬਿੰਦਗੜ੍ਹ — 1480/12/2026-27/12060 — ਸੁਪਰੀਟੈਂਡਿੰਗ ਇੰਜੀਨੀਅਰ, ਮਿਊਂਸਪਲ ਕੌਂਸਲ, ਗੋਬਿੰਦਗੜ੍ਹ

ਪਬਲਿਕ ਨੋਟਿਸ
ਨਗਰ ਕੌਂਸਲ, ਜੀਰਕਪੁਰ ਦੀ ਹਦੂਦ ਅੰਦਰ "Melody of Life", Village Dyalpura, Zirakpur ਨਾਮ ਦੀ ਰਿਹਾਇਸ਼ੀ ਗਰੁੱਪ ਹਾਊਸਿੰਗ ਪ੍ਰੋਜੈਕਟ ਡਿਵੈਲਪ ਕਰਨ ਲਈ M/s Manglam Infra ਨੂੰ ਸਮਰੱਥ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ, ਸ਼ਹਿਰੀ ਵਿਕਾਸ, ਐਸ.ਏ.ਐਸ.ਨਗਰ ਜੀ ਵੱਲੋਂ License No.LDC/CA-ADC(UD)/2023/35 ਮਿਤੀ 18-07-2023 ਰਾਹੀਂ (ਰਕਬਾ 22 ਬਿੱਘੇ 8 ਬਿਸਵੇ 1 ਬਿਸਵਾਸੀ) ਜਾਰੀ ਕੀਤਾ ਗਿਆ ਸੀ। ਹੁਣ ਉਕਤ ਕਲੋਨੀਕਾਰ/ਬਿਲਡਰ ਵੱਲੋਂ "Melody of Life Ext." Village Dyalpura, Zirakpur ਨਾਮ ਦੇ ਪ੍ਰੋਜੈਕਟ ਦਾ ਰਿਵਾਇਜਡ ਲੇ ਆਊਟ ਪਲਾਨ (ਜਿਸ ਵਿੱਚ ਖਸਰਾ ਨੰ: 590, 591 ਅਤੇ 593 ਵਿੱਚੋਂ 6 ਬਿੱਘੇ 3 ਬਿਸਵੇ 0.5 ਬਿਸਵਾਸੀ ਹੋਰ ਰਕਬਾ ਸ਼ਾਮਿਲ ਕੀਤਾ ਗਿਆ ਹੈ) ਪੇਸ਼ ਕਰਦੇ ਹੋਏ ਰਿਵਾਇਜਡ ਲੇ ਆਊਟ ਪਲਾਨ ਪ੍ਰਵਾਨ ਕਰਨ ਲਈ ਬੇਨਤੀ ਕੀਤੀ ਗਈ ਹੈ। ਸਬੰਧਤ ਕਲੋਨੀਕਾਰ ਵੱਲੋਂ "Melody of Life Ext." Village Dyalpura, Zirakpur ਨਾਮ ਦੇ ਪ੍ਰੋਜੈਕਟ ਦਾ ਰਿਵਾਇਜਡ ਲੇ ਆਊਟ ਪਲਾਨ /DRG No.01/05 dated 17-02-2026 ਨੂੰ ਅਪਰੂਵ ਕਰਨ ਸਬੰਧੀ ਫੈਸਲਾ ਲੈਣ ਤੋਂ ਪਹਿਲਾਂ ਜਨਤਕ ਨੋਟਿਸ ਦਿੰਦੇ ਹੋਏ ਤਜਵੀਜਤ ਸੋਧਾ/ਤਬਦੀਲੀ ਸਬੰਧੀ ਪ੍ਰਭਾਵਿਤ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਸੁਝਾਅ/ਇਤਰਾਜ ਦੀ ਮੰਗ ਕੀਤੀ ਜਾਂਦੀ ਹੈ।
ਇਸ ਪ੍ਰੋਜੈਕਟ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਨ੍ਹਾਂ ਸੋਧਾ ਸਬੰਧੀ ਜੇਕਰ ਕੋਈ ਚਾਹਵਾਨ ਵਿਅਕਤੀ ਇਸ ਪ੍ਰੋਜੈਕਟ ਦੇ ਤਜਵੀਜਤ ਰਿਵਾਇਜਡ ਲੇ ਆਊਟ ਪਲਾਨ ਦਾ ਨਿਰੀਖਣ ਜਾਂ ਇਸ ਰਿਵਾਇਜਡ ਲੇ ਆਊਟ ਪਲਾਨ ਸਬੰਧੀ ਕੋਈ ਸੁਝਾਅ/ਇਤਰਾਜ ਦਾਇਰ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੇ ਸੁਝਾਅ/ਇਤਰਾਜ ਇਸ ਨੋਟਿਸ ਦੇ ਪ੍ਰਕਾਸ਼ਨ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਨਿਮਨ ਹਸਤਾਖਰ ਦੇ ਦਫਤਰੀ ਕਮਰਾ ਨੰ: 401, ਤੀਜੀ ਮੰਜਿਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ.ਨਗਰ ਵਿਖੇ ਦੇ ਸਕਦਾ ਹੈ। ਜੇਕਰ ਨਿਰਧਾਰਤ ਸਮੇ ਦੇ ਅੰਦਰ ਕੋਈ ਵੀ ਸੁਝਾਅ/ਇਤਰਾਜ ਪ੍ਰਾਪਤ ਨਹੀ ਹੁੰਦਾ ਤਾਂ ਕਲੋਨਾਈਜਰ/ਬਿਲਡਰ ਵੱਲੋਂ ਪੇਸ਼ ਕੀਤਾ ਗਿਆ, ਰਿਵਾਇਜਡ ਲੇ ਆਊਟ ਪਲਾਨ ਪ੍ਰਵਾਨ ਕਰਨ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਵਿੱਚ ਪ੍ਰਾਪਤ ਹੋਏ ਇਤਰਾਜ/ਰਿਪੋਰਟ ਪ੍ਰਵਾਨ ਨਹੀ ਕੀਤਾ ਜਾਵੇਗਾ।

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400021, ਫੋਨ : 022-61884700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ
ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ
ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਹੇਠ ਦਰਸਾਏ ਕਰਜ਼ਦਾਰ(ਾਂ), ਸਹਿ ਕਰਜ਼ਦਾਰ(ਾਂ), ਗਰੰਟਰ(ਾਂ) ਅਤੇ ਗਿਰਵੀਕਾਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ 2024 ਟਰੱਸਟ 1 ('ਪੇਗਾਸੂਸ') ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ ਸਕਿਓਰਡ ਕ੍ਰੈਡੀਟਰ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਕੋਲ ਹੇਠ ਦਰਸਾਏ ਸਕਿਓਰਡ ਐਸਟਸ ਵਜੋਂ ਗਿਰਵੀ/ਚਾਰਜ਼ਿਡ ਅਚੱਲ ਜਾਇਦਾਦ ਦਾ ਐਚਡੀਐਫ਼ਸੀ ਬੈਂਕ ਲਿਮ. (ਐਚਡੀਬੀਸੀ) ਰਾਹੀਂ ਹੇਠ ਦਰਸਾਏ ਕਰਜਦਾਰਾਂ ਦੇ ਕਰਜੇ ਲਈ ਸਰਫਾਇਸੀ ਐਕਟ ਦੀਆਂ ਧਾਰਾਵਾਂ ਅਧੀਨ 30.06.2025 ਨੂੰ ਕੀਤੇ ਹਸਤਾਖਰ ਤਹਿਤ, ਸਰਫਾਇਸੀ ਐਕਟ ਦੀਆਂ ਧਾਰਾਵਾਂ ਅਤੇ ਰੂਲਜ਼ ਅਧੀਨ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ' ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਐਗਰੀਮੈਂਟ ਹਸਤਾਖਰ ਕੀਤਾ ਹੈ।
ਅਧਿਕਾਰਤ ਅਫ਼ਸਰ ਨੇ ਸਰਫਾਇਸੀ ਐਕਟ ਅਤੇ ਰੂਲਜ਼ ਦੀਆਂ ਧਾਰਾਵਾਂ ਅਧੀਨ 22.11.2018 ਨੂੰ ਸਕਿਓਰਡ ਐਸਟਸ ਵਜੋਂ ਹੇਠ ਦਰਸਾਈ ਅਚੱਲ ਜਾਇਦਾਦ ਦਾ ਭੌਤਿਕ ਕਬਜਾ ਲੈ ਲਿਆ ਹੈ।
ਨਿਲਾਮੀ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ)/ਗਰੰਟਰ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ	1. ਮੈਸ. ਗੁਰੂ ਨਾਨਕ ਟ੍ਰੇਡਿੰਗ ਕੰਪਨੀ (ਕਰਜ਼ਦਾਰ) 2. ਸ੍ਰੀ ਅਮਰਜੀਤ ਸਿੰਘ (ਮਾਲਕ, ਗਿਰਵੀਕਾਰ ਅਤੇ ਗਰੰਟਰ) 3. ਸ੍ਰੀਮਤੀ ਜਸਪ੍ਰੀਤ ਕੌਰ (ਗਿਰਵੀਕਾਰ ਅਤੇ ਗਰੰਟਰ)
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 1,00,60,444.53/- (ਇਕ ਕਰੋੜ ਸੱਠ ਹਜ਼ਾਰ ਚਾਰ ਸੌ ਚੁਆਲੀ ਰੁ ਤਰਵੰਜਾ ਪੈਸੇ ਸਿਰਫ਼) ਮਿਤੀ 22.05.2026 ਨੂੰ ਸਮੇਤ ਅਗਾਊਂ ਵਿਆਜ ਭਾਵ 23.05.2016 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਇਸ 'ਤੇ ਹੋਰ ਖਰਚੇ ਅਦਾਇਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	1. ਜਾਇਦਾਦ ਜਿਸ ਦੇ ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਉਸਾਰਿਆ ਰਿਹਾਇਸ਼ੀ ਮਕਾਨ ਜਿਸ ਦਾ ਨੰ 228 ਮਿਣਤੀ 200 ਵ.ਗਜ਼, ਜੋ ਸ਼ਾਮਲ ਹੈ ਵਿਚ ਖਸਰਾ ਨੰ. 139//18/2(5-6),139//13/2/1/1,13/2/2, ਸਥਿਤ ਹੈ ਅਮਰ ਕਾਲੋਨੀ ਨੇੜੇ ਪਾਵਰ ਗਰਿਡ ਭਵਾਨੀਗੜ੍ਹ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਪੰਜਾਬ ਵਿਖੇ ਮਲਕੀਅਤ ਸ੍ਰੀ ਅਮਰਜੀਤ ਸਿੰਘ ਅਤੇ ਸ੍ਰੀਮਤੀ ਜਸਪ੍ਰੀਤ ਕੌਰ ਦੀ
ਰਾਖਵੀਂ ਕੀਮਤ ਜਿਸ ਤੋਂ ਹੇਠਾਂ ਸਕਿਓਰਡ ਐਸਟ ਵੇਚੀ ਨਹੀਂ ਜਾਵੇਗੀ	ਰੁ. 26,16,000/- (ਛੱਬੀ ਲੱਖ ਸੋਲ੍ਹਾਂ ਹਜ਼ਾਰ ਰੁ. ਸਿਰਫ)
ਬਿਆਨਾ ਰਕਮ ਜਮਾਂ (ਈਐਮਡੀ) :	ਰੁ. 2,61,600/- (ਦੋ ਲੱਖ ਇਕਾਹਟ ਹਜ਼ਾਰ ਛੇ ਸੌ ਰੁ. ਸਿਰਫ)
ਦਾਅਵਾ ਜੇ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪਤਾ ਨਹੀਂ
CERSAI ID	Security id: -400097933568/400097933569 Asset id: 200100314160/200100314161
ਜਾਇਦਾਦਾਂ ਦੀ ਪੜਤਾਲ	23.06.2026 ਨੂੰ ਸਵੇਰੇ 11.30 ਵਜੇ ਤੋਂ ਬਾ.ਦੁ. 03.00 ਵਜੇ
ਸੰਪਰਕ ਵਿਅਕਤੀ ਅਤੇ ਫੋਨ ਨੰ.:	ਸੰਪਰਕ ਵਿਅਕਤੀ : ਸ੍ਰੀ ਰਮਾਂਕਾਂਤ ਪਾਂਡੇ (ਅਧਿਕਾਰਤ ਅਫ਼ਸਰ)- 9087788888 ਅਤੇ ਸ੍ਰੀ ਰਮੇਸ਼ ਗਿਰੀ: 9643468804
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	29/06/2026 till 04:00 P.M
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨ	30.06.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 12.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੋਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਅਧੀਨ ਤੀਹ (15) ਦਿਨਾਂ ਦਾ ਨੋਟਿਸ ਵੀ ਹੈ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ, ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ http://www.pegasus-arc.com/assets-to-auction.html ਜਾਂ ਵੈਬਸਾਈਟ https://sarfaesi.auctiontinger.net ਦਾ ਹਵਾਲਾ ਲਓ ਜਾਂ ਸੇਵਾ ਪ੍ਰਦਾਤਾ ਮੈਸ. ਈ ਪ੍ਰੋਕਿਊਰਮੈਂਟ ਟੈਕਨਾਲੋਜੀਜ਼ ਲਿਮ. ਆਕਸ਼ਨ ਟਾਈਗਰ, ਬੋਲੀਕਾਰ ਸੁਪੋਰਟ : 079-68136805/68136837, ਸ੍ਰੀ ਰਾਮਪ੍ਰਸਾਦ ਮੋ.ਨੰ. +91 9978591888 ਅਤੇ 8000023297, ਈਮੇਲ : ramparsad@auctiontiger.net & support@auctiontiger.net 'ਤੇ ਸੰਪਰਕ ਕਰੋ।
ਸਥਾਨ : ਭਵਾਨੀਗੜ੍ਹ, ਸੰਗਰੂਰ, ਪੰਜਾਬ
ਮਿਤੀ : 05.06.2026
ਅਧਿਕਾਰਤ ਅਫ਼ਸਰ, ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2024 ਟਰੱਸਟ-1 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

ਪੰਜਾਬ ਸੁਰਕਾਰ
ਮਿਊਂਸਪਲ ਕਾਰਪੋਰੇਸ਼ਨ, ਲੁਧਿਆਣਾ
ਈ-ਟੈਂਡਰਜ਼ ਸੱਦਾ ਸੂਚਨਾ (ਬੀ ਅਤੇ ਆਰ ਕੰਮ)
ਐਨਆਈਟੀ ਨੰ. 183/ਐਸਈ (ਟੀਆਈਸੀ) ਮਿਤੀ 03.06.2026
ਵਿਭਾਗ ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ (ਬੀ ਅਤੇ ਆਰ) ਹੇਠ ਦਿੱਤੇ ਸ਼ਡਿਊਲ ਅਨੁਸਾਰ 'ਡੇਅਰੀ ਕੰਪਲੈਕਸ, ਬਲਾਕ ਏ ਵਾਰਡ ਨੰ. 64 ਵਿਚ ਪਾਰਕ ਦੀ ਉਸਾਰੀ' (ਤੀਜੀ ਵਾਰ) ਲਈ ਆਨਲਾਈਨ ਡਬਲ ਬੋਲੀਆਂ ਮੰਗਦਾ ਹੈ।
ਬੰਦ ਹੋਣ ਦੀ ਮਿਤੀ ਤੇ ਸਮਾਂ : 15.06.2026 ਨੂੰ ਸ਼ਾਮ 05.00 ਵਜੇ ਤੱਕ
ਵੇਰਵਿਆਂ ਲਈ ਲਾਗਆਨ ਕਰੋ : eproc.punjab.gov.in
ਨੋਟ : ਕੰਮ ਦੇ ਵੇਰਵੇ, ਹੋਰ ਨਿਯਮ ਅਤੇ ਸ਼ਰਤਾਂ ਅਤੇ ਟੈਂਡਰ ਨੋਟਿਸ ਦੇ ਟੈਂਡਰ ਦਸਤਾਵੇਜ ਦੀ ਕੋਈ ਸੋਧ/ਵਾਧਾ ਜੇ ਹੋਵੇਗਾ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤਾ ਜਾਵੇਗਾ।
1692/12/2026-27/12050 — ਸੁਪਰਇਨਟੈਂਡਿੰਗ ਇੰਜੀਨੀਅਰ (ਟੀਆਈਸੀ), ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ

The Gurdaspur Co-op. Sugar Mills Ltd., Gurdaspur
Tender Notice
e-tender are invited from Contractors and firms duly approved by Sugarfed, Punjab, Mohali and NFCSF New Delhi, for sale of old loose bagasse (As is where is basis). DNIT and Terms & Conditions can be downloaded from Web Site: www.eproc.punjab.gov.in. Tenders must be submitted by 22.06.2026 upto 11.00 AM. Tenders will be opened on 22.06.2026 at 12.30 PM & negotiation will be held with the highest tenderer, if required on same day at 03.00 PM. Tenderer can attend the tender opening, if they wish to be present. The General Manager reserve the right to reject/cancel/postpone any or all tenders without assigning any reason. Corrigendum/Changes, if any will be issued on the websites only.
General Manager

ਗੁੰਮਸ਼ੁਦਾ



ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਵਿਅਕਤੀ ਜਿਸ ਦਾ ਨਾਂ ਰਾਜ ਕੁਮਾਰ ਵਾਸੀ 746, ਗਰਾਊਂਡ ਫਲੋਰ, ਸੈਕਟਰ 41-ਏ, ਚੰਡੀਗੜ੍ਹ ਉਮਰ ਲਗਭਗ 42 ਸਾਲ, ਕੱਦ 5'-6", ਗੋਰਾ ਰੰਗ ਅਤੇ ਜਿਸ ਨੇ ਹਲਕੇ ਹਰੇ ਰੰਗ ਦੀ ਟੀ ਸ਼ਰਟ ਅਤੇ ਗੂੜ੍ਹੀ ਹਰੀ ਲੋਅਰ ਪਾਈ ਹੋਈ ਹੈ 29.03.2026 ਤੋਂ ਗੁੰਮ ਦੱਸਿਆ ਜਾ ਰਿਹਾ ਹੈ ਅਤੇ ਹਾਲੇ ਤੱਕ ਉਹ ਆਪਣੇ ਘਰ ਵਾਪਸ ਨਹੀਂ ਆਇਆ। ਇਸ ਸਬੰਧੀ ਇਕ ਡੀਡੀਆਰ ਨੰ. 13, ਮਿਤੀ 30.03.2026 ਨੂੰ ਪੁਲਿਸ ਥਾਣਾ ਸੈਕਟਰ-39, ਚੰਡੀਗੜ੍ਹ ਵਿਚ ਦਰਜ ਕੀਤੀ ਗਈ ਹੈ। ਗੁੰਮਸ਼ੁਦਾ ਵਿਅਕਤੀ ਦੀ ਫੋਟੋ ਉਪਰ ਦਿੱਤੀ ਗਈ ਹੈ।
ਇਸ ਗੁੰਮਸ਼ੁਦਾ ਵਿਅਕਤੀ ਸਬੰਧੀ ਜੇ ਕਿਸੇ ਨੂੰ ਕੋਈ ਜਾਣਕਾਰੀ ਮਿਲਦੀ ਹੈ ਤਾਂ ਕ੍ਰਿਪਾ ਕਰਕੇ ਐਸਐਚਓ ਪੁਲਿਸ ਥਾਣਾ ਸੈਕਟਰ-39, ਚੰਡੀਗੜ੍ਹ ਨੂੰ ਫੋਨ ਨੰ. 9779580939, ਆਈ/ਓ ਨੰ. 9463205454, 0172-2677039 ਅਤੇ ਪੁਲਿਸ ਕੰਟਰੋਲ ਰੂਮ ਫੋਨ ਨੰ. 0172-2749194 ਜਾਂ 112 'ਤੇ ਦਿਓ।
ਚੰਡੀਗੜ੍ਹ ਪੁਲਿਸ

ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ
55-56, ਪੰਜਵੀਂ ਮੰਜ਼ਿਲ, ਫ੍ਰੀ ਪ੍ਰੈਸ ਹਾਊਸ, ਨਰੀਮਨ ਪੁਆਇੰਟ, ਮੁੰਬਈ-400 021, ਫੋਨ : 022-6188 4700
ਈਮੇਲ : sys@pegasus-arc.com, URL : www.pegasus-arc.com

ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ
ਸਕਿਓਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ
ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਹੇਠ ਦਰਸਾਏ ਕਰਜ਼ਦਾਰ(ਾਂ), ਸਹਿ ਕਰਜ਼ਦਾਰ(ਾਂ), ਗਰੰਟਰ(ਾਂ) ਅਤੇ ਗਿਰਵੀਕਾਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੇਗਾਸੂਸ 2024 ਟਰੱਸਟ 1 ('ਪੇਗਾਸੂਸ') ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ ਸਕਿਓਰਡ ਕ੍ਰੈਡੀਟਰ ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਕੋਲ ਹੇਠ ਦਰਸਾਏ ਸਕਿਓਰਡ ਐਸਟਸ ਵਜੋਂ ਗਿਰਵੀ/ਚਾਰਜ਼ਿਡ ਅਚੱਲ ਜਾਇਦਾਦ ਦਾ ਐਚਡੀਐਫ਼ਸੀ ਬੈਂਕ ਲਿਮ. (ਐਚਡੀਬੀਸੀ) ਰਾਹੀਂ ਹੇਠ ਦਰਸਾਏ ਕਰਜਦਾਰਾਂ ਦੇ ਕਰਜੇ ਲਈ ਸਰਫਾਇਸੀ ਐਕਟ ਦੀਆਂ ਧਾਰਾਵਾਂ ਅਧੀਨ 30.06.2025 ਨੂੰ ਕੀਤੇ ਹਸਤਾਖਰ ਤਹਿਤ, ਸਰਫਾਇਸੀ ਐਕਟ ਦੀਆਂ ਧਾਰਾਵਾਂ ਅਤੇ ਰੂਲਜ਼ ਅਧੀਨ 'ਜਿਵੇਂ ਹੈ', 'ਜਿੱਥੇ ਹੈ' ਅਤੇ, 'ਜੋ ਵੀ ਉੱਥੇ ਹੈ' ਦੇ ਆਧਾਰ 'ਤੇ' ਹੇਠ ਦਰਸਾਏ ਕਰਜ਼ਦਾਰ ਤੋਂ ਸਮੇਤ ਹੇਠ ਲਿਖੀਆਂ ਸਕਿਓਰਿਟੀਜ਼, ਵਿਆਜ ਸਮੇਤ ਬਕਾਇਆ ਪ੍ਰਾਪਤ ਕਰਨ ਲਈ ਐਗਰੀਮੈਂਟ ਹਸਤਾਖਰ ਕੀਤਾ ਹੈ।
ਅਧਿਕਾਰਤ ਅਫ਼ਸਰ ਨੇ ਸਰਫਾਇਸੀ ਐਕਟ ਅਤੇ ਰੂਲਜ਼ ਦੀਆਂ ਧਾਰਾਵਾਂ ਅਧੀਨ 22.02.2021 ਨੂੰ ਸਕਿਓਰਡ ਐਸਟਸ ਵਜੋਂ ਹੇਠ ਦਰਸਾਈ ਅਚੱਲ ਜਾਇਦਾਦ ਦਾ ਭੌਤਿਕ ਕਬਜਾ ਲੈ ਲਿਆ ਹੈ।
ਨਿਲਾਮੀ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ)/ਗਰੰਟਰ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ	1. ਕੁਲਬੀਰ ਸਿੰਘ ਐਂਡ ਸੰਨਜ਼ (ਕਰਜ਼ਦਾਰ) 2. ਸ੍ਰੀ ਕੁਲਬੀਰ ਸਿੰਘ (ਕਰਤਾ, ਗਰੰਟਰ ਅਤੇ ਗਿਰਵੀਕਾਰ) 3. ਸ੍ਰੀ ਤੇਜਿੰਦਰ ਸਿੰਘ (ਗਰੰਟਰ ਅਤੇ ਗਿਰਵੀਕਾਰ) 4. ਸ੍ਰੀਮਤੀ ਦਮਨਪ੍ਰੀਤ ਕੌਰ (ਗਰੰਟਰ ਅਤੇ ਗਿਰਵੀਕਾਰ)
ਸਕਿਓਰਡ ਐਸਟ ਜਿਹੜੇ ਵੇਚੇ ਜਾਣ ਲਈ ਬਕਾਇਆ ਰਕਮ	ਰੁ. 2,58,85,436.00 (ਦੋ ਕਰੋੜ ਅਠਵੰਜਾ ਲੱਖ ਪਚਾਸੀ ਹਜ਼ਾਰ ਚਾਰ ਸੌ ਛੱਤੀ ਰੁ. ਸਿਰਫ਼) ਮਿਤੀ 26.05.2026 ਨੂੰ ਸਮੇਤ ਅਗਾਊਂ ਵਿਆਜ ਭਾਵ 27.05.2026 ਤੋਂ ਕੰਟਰੈਕਚੁਅਲ ਦਰ ਨਾਲ ਅਤੇ ਲਾਗਤਾਂ, ਚਾਰਜਿਜ਼ ਇਸ 'ਤੇ ਹੋਰ ਖਰਚੇ ਅਦਾਇਗੀ ਅਤੇ ਪ੍ਰਾਪਤੀ ਦੀ ਮਿਤੀ ਤੱਕ।
ਅਚੱਲ ਜਾਇਦਾਦ ਵਜੋਂ ਸਕਿਓਰਡ ਐਸਟ ਜਿਹੜੀ ਵੇਚੀ ਜਾਣੀ ਹੈ ਦੇ ਵੇਰਵੇ	ਲੌਟ -1- ਦੁਕਾਨ ਨੰ. 8 ਅਤੇ 9 ਮਿਣਤੀ 15-1/4 ਵ.ਗਜ਼, ਜਾਇਦਾਦ ਨੰ. ਬੀ-8-143, ਪਹਿਲੀ ਮੰਜ਼ਿਲ ਸਥਿਤ ਹੈ ਮੋਚਪੁਰਾ ਬਾਜਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ (ਵਸੀਕਾ ਨੰ. 13905), ਪੰਜਾਬ (ਮਾਲਕੀ ਅਤੇ ਗਿਰਵੀ ਰੱਖੀ ਸ੍ਰੀਮਤੀ ਦਮਨਪ੍ਰੀਤ ਕੌਰ ਵਲੋਂ) ਲੌਟ -2- ਦੁਕਾਨ ਨੰ. 5 ਅਤੇ 6 ਮਿਣਤੀ 20 ਵ.ਗਜ਼, ਜਾਇਦਾਦ ਨੰ. ਬੀ-8-143, ਪਹਿਲੀ ਮੰਜ਼ਿਲ ਸਥਿਤ ਹੈ ਮੋਚਪੁਰਾ ਬਾਜਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ (ਵਸੀਕਾ ਨੰ. 20634), ਪੰਜਾਬ, (ਮਾਲਕੀ ਅਤੇ ਗਿਰਵੀ ਰੱਖੀ ਸ੍ਰੀ ਕੁਲਬੀਰ ਸਿੰਘ ਅਤੇ ਸ੍ਰੀ ਤੇਜਿੰਦਰ ਸਿੰਘ ਵਲੋਂ)
ਰਾਖਵੀਂ ਕੀਮਤ ਜਿਸ ਤੋਂ ਹੇਠਾਂ ਸਕਿਓਰਡ ਐਸਟ ਵੇਚੀ ਨਹੀਂ ਜਾਵੇਗੀ	ਲੌਟ-1- ਰੁ. 9,67,000/- (ਨੌ ਲੱਖ ਸਤਾਹਟ ਹਜ਼ਾਰ ਰੁ. ਸਿਰਫ) ਲੌਟ 2: ਰੁ. 12,68,000/- (ਬਾਰਾਂ ਲੱਖ ਅਠਾਹਟ ਹਜ਼ਾਰ ਰੁ. ਸਿਰਫ)
ਬਿਆਨਾ ਰਕਮ ਜਮਾਂ (ਈਐਮਡੀ) :	ਲੌਟ-1- ਰੁ. 96,700/- (ਛਿਆਨਵੇਂ ਹਜ਼ਾਰ ਸੱਤ ਸੌ ਰੁ. ਸਿਰਫ) ਲੌਟ 2 : ਰੁ. 1,26,800/- (ਇਕ ਲੱਖ ਛੱਬੀ ਹਜ਼ਾਰ ਅੱਠ ਸੌ ਰੁ. ਸਿਰਫ਼)
ਦਾਅਵਾ ਜੇ ਕੋਈ ਹੈ, ਜਿਹੜਾ ਕਿ ਜਾਇਦਾਦ ਵਿਰੁਧ ਰੱਖਿਆ ਗਿਆ ਅਤੇ ਸਕਿਓਰਡ ਕ੍ਰੈਡੀਟਰ ਦੇ ਕੋਈ ਹੋਰ ਬਕਾਏ ਅਤੇ ਲਾਗਤ	ਪਤਾ ਨਹੀਂ
CERSAI ID	Security id:400006389614/400006389615 Asset id: 200006381000/200006381001
ਜਾਇਦਾਦਾਂ ਦੀ ਪੜਤਾਲ	25.06.2026 ਨੂੰ ਸਵੇਰੇ 11.30 ਵਜੇ ਤੋਂ ਬਾ.ਦੁ. 03.00 ਵਜੇ
ਸੰਪਰਕ ਵਿਅਕਤੀ ਅਤੇ ਫੋਨ ਨੰ.:	ਸੰਪਰਕ ਵਿਅਕਤੀ : ਸ੍ਰੀ ਰਮਾਂਕਾਂਤ ਪਾਂਡੇ (ਅਧਿਕਾਰਤ ਅਫ਼ਸਰ)- 9087788888, ਸ੍ਰੀ ਰਮੇਸ਼ ਗਿਰੀ: 9643468804
ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ/ਬੋਲੀ :	29/06/2026 till 04:00 P.M
ਬੋਲੀ ਖੋਲ੍ਹਣ ਦੀ ਮਿਤੀ ਅਤੇ ਸਥਾਨ	30.06.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 12.00 ਵਜੇ ਤੱਕ ਵੈਬਸਾਈਟ (https://sarfaesi.auctiontiger.net) ਰਾਹੀਂ ਈ-ਨਿਲਾਮੀ/ਬੋਡਿੰਗ

ਇਹ ਪ੍ਰਕਾਸ਼ਨਾ ਉਪਰ ਦਰਸਾਏ ਕਰਜਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਅਧੀਨ ਤੀਹ (15) ਦਿਨਾਂ ਦਾ ਨੋਟਿਸ ਵੀ ਹੈ।
ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ, ਕ੍ਰਿਪਾ ਕਰਕੇ ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ http://www.pegasus-arc.com/assets-to-auction.html ਜਾਂ ਵੈਬਸਾਈਟ https://sarfaesi.auctiontinger.net ਦਾ ਹਵਾਲਾ ਲਓ ਜਾਂ ਸੇਵਾ ਪ੍ਰਦਾਤਾ ਮੈਸ. ਈ ਪ੍ਰੋਕਿਊਰਮੈਂਟ ਟੈਕਨਾਲੋਜੀਜ਼ ਲਿਮ. ਆਕਸ਼ਨ ਟਾਈਗਰ, ਬੋਲੀਕਾਰ ਸੁਪੋਰਟ : 079-68136805/68136837, ਸ੍ਰੀ ਰਾਮਪ੍ਰਸਾਦ ਮੋ.ਨੰ. +91 9978591888 ਅਤੇ 8000023297, ਈਮੇਲ : ramparsad@auctiontiger.net & support@auctiontiger.net 'ਤੇ ਸੰਪਰਕ ਕਰੋ।
ਸਥਾਨ : ਲੁਧਿਆਣਾ, ਪੰਜਾਬ
ਮਿਤੀ : 05.06.2026
ਅਧਿਕਾਰਤ ਅਫ਼ਸਰ, ਪੇਗਾਸੂਸ ਐਸਟਸ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਪੇਗਾਸੂਸ 2024 ਟਰੱਸਟ-1 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)

Guru Ram Dass Group of Colleges
Vill. Theri, Bathinda Road, Malout
Urgently Required
Professor, Associate Prof. & Asst. Prof. in Bachelor of Physiotherapy (BPT), Qualification and salary as per the Govt./UGC norms.
grdmalout@gmail.com
Chairman

ਹੀਰੋ ਹਾਊਸਿੰਗ ਫਾਇਨਾਂਸ ਲਿਮਟਿਡ
Hero Housing Finance
ਰਜਿ. ਦਫ਼ਤਰ : 09, ਕਮਿਊਨਿਟੀ ਸੈਂਟਰ, ਬਸੰਤ ਲੋਕ, ਵਸੰਤ ਵਿਹਾਰ, ਨਵੀਂ ਦਿੱਲੀ-110057,
ਬਰਾਂਚ ਦਫ਼ਤਰ: ਦੂਜੀ ਮੰਜ਼ਿਲ, ਐਸਸੀਓ 49, ਅਹੂਜਾ ਟਾਵਰ, ਪੁੱਡਾ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ, ਪੰਜਾਬ-144001
ਕੋਰੀਜੈਂਡਮ
ਇਹ ਸਾਡੇ ਇਸ਼ਤਿਹਾਰ ਦੇ ਹਵਾਲੇ ਨਾਲ ਅਚੱਲ ਜਾਇਦਾਦ ਦੀ ਵਿਕਰੀ ਲਈ ਜਨਤਕ ਨੋਟਿਸ (ਈ - ਨਿਲਾਮੀ) [ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੇ ਅਧੀਨ] 23-05-2026 ਨੂੰ ਰੋਜ਼ਾਨਾ ਸਪੋਕਸਮੈਨ-ਜਲੰਧਰ ਵਿੱਚ ਪ੍ਰਕਾਸ਼ਿਤ ਕਰਜ਼ਦਾਰਾਂ ਸੁਸ਼ੀਲ ਕੁਮਾਰ ਪੁੱਤਰ ਚਮਨ ਲਾਲ, ਸਮਾਈਲ ਪੁੱਤਰ ਰਮੇਸ਼ ਕੁਮਾਰ, ਰਮੇਸ਼ ਕੁਮਾਰ, ਜਿਨ੍ਹਾਂ ਦਾ ਲੋਨ ਖਾਤਾ ਨੰਬਰ HHFJAL-HOU23000032259 ਹੈ, ਨੂੰ "ਸੁਨੀਲ ਕੁਮਾਰ ਪੁੱਤਰ ਚਮਨ ਲਾਲ" ਦੀ ਬਜਾਏ "ਕਰਜ਼ਦਾਰ/ਸਹਿ-ਕਰਜ਼ਦਾਰ/ਗਾਰੰਟਰ/ਕਾਨੂੰਨੀ ਵਾਰਸ/ਕਾਨੂੰਨੀ ਪ੍ਰਤੀਨਿਧੀ ਸੁਸ਼ੀਲ ਕੁਮਾਰ ਪੁੱਤਰ ਚਮਨ ਲਾਲ, ਸਮਾਈਲ ਪੁੱਤਰ ਰਮੇਸ਼ ਕੁਮਾਰ, ਰਮੇਸ਼ ਕੁਮਾਰ ਦੇ ਨਾਮ" ਵਜੋਂ ਪੜ੍ਹਿਆ ਜਾਵੇ। ਇਸ ਅਣਜਾਣੇ ਵਿੱਚ ਹੋਈ ਗਲਤੀ ਲਈ ਦਿਲੋਂ ਅਫ਼ਸੋਸ ਹੈ।
ਮਿਤੀ: 06.06.2026
ਸਥਾਨ: ਜਲੰਧਰ
ਸਹੀ/- ਅਧਿਕਾਰਤ ਅਫਸਰ, ਲਈ ਹੀਰੋ ਹਾਊਸਿੰਗ ਫਾਇਨਾਂਸ ਲਿਮਟਿਡ

ਉੱਤਰ ਰੇਲਵੇ
ਈ-ਨੀਲਾਮੀ ਸੂਚਨਾ
ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਆਰਾ ਮੰਡਲ ਦੇ ਹੇਠਾ ਲਿਖੇ ਸਟੇਸ਼ਨਾਂ ਉਤੇ ਠੇਕੇ ਅਲਾਟਮੈਂਟ ਕਰਨ ਲਈ ਈ-ਨੀਲਾਮੀ ਰੇਲਵੇ ਵੈੱਬਸਾਈਟ www.ireps.gov.in ਦੇ ਦੁਆਰਾ ਤੋਂ ਬੋਲੀ ਮੰਗ ਕੀਤੀ ਜਾਂ ਰਹੀ ਹੈ। ਅਲਾਟਮੈਂਟ ਕੀਤੀ ਜਾਣ ਵਾਲੇ ਠੇਕੇ ਦਾ ਵੇਰਵਾ ਹੇਠਾ ਲਿਖਿਆ ਹੈ।

ਨੀਲਾਮੀ ਕੈਟਲਾਗ ਨੰ:	ਕੰਮ ਦਾ ਵੇਰਵਾ	ਨੀਲਾਮੀ ਮਿਤੀ ਤੇ ਸਮਾਂ
UMB-Prkg-15-26	ਸਰਸਾਵਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਯਾ ਵਿਚ 407.40 ਵਰਗ ਮੀਟਰ ਖੇਤਰਫਲ ਵਾਲਾ ਪੂਰਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	16-06-26 12:00:00
	ਗਿਦਰਵਾਹਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਯਾ ਵਿਚ 522.38 ਵਰਗ ਮੀਟਰ ਖੇਤਰਫਲ ਵਾਲਾ ਪੂਰਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	
	ਸਾਇਟ ਪਲਾਨ ਦੇ ਅਨੁਸਾਰ, ਸਟੇਸ਼ਨ ਬਿਲਡਿੰਗ ਦੇ ਕੋਲ ਸਰਕੂਲੇਟਿੰਗ ਏਰੀਯਾ ਵਿਚ 507 ਵਰਗ ਮੀਟਰ ਖੇਤਰਫਲ ਦਾ ਇਕ ਵਡਾ ਪਾਰਕਿੰਗ ਲਾਟ ਅਤੇ ਰਾਮਪੁਰਾ ਫੂਲ (PUL) ਰੇਲਵੇ ਸਟੇਸ਼ਨ ਦੇ ਦੂਸਰੇ ਏਂਟਰੀ ਪੋਆਇੰਟ ਉਤੇ ਕੁਲ 386.82 ਵਰਗ ਮੀਟਰ ਦਾ ਟੂ-ਵ੍ਹੀਲਰ ਪਾਰਕਿੰਗ ਲਾਟ।	
	ਬਰਾਰਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਯਾ ਵਿਚ 501.61 ਵਰਗ ਮੀਟਰ ਖੇਤਰਫਲ ਵਾਲਾ ਪੂਰਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	
	ਟਾਪਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਯਾ ਵਿਚ 344.40 ਵਰਗ ਮੀਟਰ ਖੇਤਰਫਲ ਵਾਲਾ ਪੂਰਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	
	ਸਹਾਰਨਪੁਰ ਵਿਚ ਟੀ2 ਕਾਲੋਨੀ ਪਾਰਕ ਦੇ ਕੋਲ ਕੁਲ 1133 ਵਰਗ ਮੀਟਰ ਖੇਤਰ ਵਾਲਾ ਇਕ ਵਡਾ ਪਾਰਕਿੰਗ ਲਾਟ।	
	ਸ਼ਿਮਲਾ ਰੇਲਵੇ ਸਟੇਸ਼ਨ ਉਤੇ ਬਾਬਾ ਭਾਲਕੂ ਰੇਲ ਮਯੂਜਿਯਮ ਦੇ ਅੰਦਰ 2071.57 ਵਰਗ ਮੀਟਰ ਖੇਤਰਫਲ ਵਾਲਾ ਪੂਰਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	
	ਸਹਾਰਨਪੁਰ ਰੇਲਵੇ ਸਟੇਸ਼ਨ ਦੇ ਦੂਸਰੇ ਏਂਟਰੀ ਪੋਆਇੰਟ ਉਤੇ ਡਰਾਈਵਰ/ਗਾਰਡ ਰਨਿੰਗ ਰੂਮ (ਲਕੜੀ ਦਾ ਪੁਲ ਦੇ ਕੋਲ) ਦੇ ਸਾਮਨੇ, ਕੁਲ 1277 ਵਰਗ ਮੀਟਰ ਏਰੀਯਾ ਵਾਲਾ ਇਕ ਵਡਾ ਪਾਰਕਿੰਗ ਲਾਟ। (ਸਾਇਟ ਪਲਾਨ ਦੇ ਅਨੁਸਾਰ)	
	ਆਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਉਤੇ 2384.74 ਵਰਗ ਮੀਟਰ ਪਾਰਕਿੰਗ ਏਰੀਯਾ ਵਿਚ ਸਾਰੇ ਤਰ੍ਹਾਂ ਦੀ ਗੱਡੀਆਂ (ਕਮਰੀਸ਼ਲ ਅਤੇ ਨਾਨ-ਕਮਰੀਸ਼ਲ) ਦੇ ਲਈ "ਪਿਕਅਪ/ਡ੍ਰਾਪ" ਲੇਨ (ਏਂਟਰੀ ਤੋਂ ਏਗਜਿਟ ਤਕ) ਦੇ ਨਾਲ ਕੰਮਪ੍ਰੇਹੇਨਸਿਵ ਪਾਰਕਿੰਗ ਅਤੇ ਏਕਸੇਸ ਕੰਟਰੋਲ ਅਧਿਕਾਰ ਅਲਾਟਮੈਂਟ ਕਰਨਾ।	

1935-2026
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇਕ ਅਦਾਰਾ
8, ਜਨ ਮਾਰਗ ਸੈਕਟਰ-9-ਡੀ, ਚੰਡੀਗੜ੍ਹ
ਪਬਲਿਕ ਨੋਟਿਸ
ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਵਿਅਕਤੀਆਂ ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਅਲਾਟਮੈਂਟ ਮੈਨੇਜਮੈਂਟ ਅਤੇ ਸੇਲ ਟੈਂਨਾਮੈਂਟ) ਰੈਗੂਲੇਸ਼ਨ 1979 ਦੇ ਰੈਗੂਲੇਸ਼ਨ 16 ਅਧੀਨ ਬਲੱਡ ਰਿਲੇਸ਼ਨ ਟਰਾਂਸਫਰ ਪਾਲਿਸੀ ਅਧੀਨ ਹੇਠ ਦਰਸਾਈ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਦੇ 50% ਦੀ ਤਬਦੀਲੀ ਲਈ ਅਪਲਾਈ ਕੀਤਾ ਹੈ।

ਲੜੀ ਨੰ.	ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟਰਾਂਸਫਰੀ) ਸ੍ਰੀ/ਸ੍ਰੀਮਤੀ/ਮਿਸ.	ਅਲਾਟੀ/ਟਰਾਂਸਫਰੀ ਦਾ ਨਾਂ (ਪ੍ਰਸਤਾਵਿਤ ਟਰਾਂਸਫਰਰ) ਸ੍ਰੀ/ਸ੍ਰੀਮਤੀ/ਮਿਸ.	ਡੀ.ਯੂ. ਨੰ.	ਸ਼੍ਰੇਣੀ	ਸੈਕਟਰ
1	ਸ੍ਰੀਮਤੀ ਛਾਇਆ ਗੋਇਲ ਪਤਨੀ ਸਵ. ਸ੍ਰੀ ਸੁਰੇਸ਼ ਕੁਮਾਰ ਗੋਇਲ (ਜਿਸ ਕੋਲ 25% ਹਿੱਸਾ)	1. ਸ੍ਰੀਮਤੀ ਰਿਚਾ ਸਿੰਘਲ ਪੁੱਤਰੀ ਸਵ. ਸ੍ਰੀ ਸੁਰੇਸ਼ ਕੁਮਾਰ ਗੋਇਲ ਅਤੇ ਪਤਨੀ ਸ੍ਰੀ ਸਾਗਰ ਸਿੰਘਲ (ਜਿਸ ਕੋਲ 25% ਹਿੱਸਾ) 2. ਸ੍ਰੀਮਤੀ ਵਿਭਾ ਜੈਨ ਪੁੱਤਰੀ ਸਵ. ਸ੍ਰੀ ਸੁਰੇਸ਼ ਕੁਮਾਰ ਗੋਇਲ ਅਤੇ ਪਤਨੀ ਸ੍ਰੀ ਰਿਸ਼ਭ ਜੈਨ (ਜਿਸ ਕੋਲ 25% ਹਿੱਸਾ)	3177/1	MIG	44-ਡੀ ਚੰਡੀਗੜ੍ਹ

ਜੇਕਰ ਕਿਸੇ ਨੂੰ ਉਪਰ ਦੱਸੀ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਦੀ ਤਬਦੀਲੀ ਸਬੰਧੀ ਕੋਈ ਇਤਰਾਜ਼ ਹੈ ਜੇ ਕੋਈ ਹੈ ਤਾਂ ਉਹ ਨਿਮਨਹਸਖਰੀ ਕੋਲ ਦਸਤਾਵੇਜ਼ ਸਬੂਤਾਂ ਲਿਖਤੀ ਰੂਪ ਵਿਚ ਇਸ ਨੋਟਿਸ ਦੇ ਛਪਣ ਤੋਂ ਬਾਅਦ 21 ਦਿਨਾਂ ਅੰਦਰ-ਅੰਦਰ ਦਾਖਲ ਕਰ ਸਕਦਾ ਹੈ।
ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ
(ਹਸਪਤਾਲ ਪ੍ਰਸ਼ਾਸਨ ਸ਼ਾਖਾ-1)
ਜਨਤਕ ਨਿਯੁਕਤੀ ਨੋਟਿਸ
ਹਵਾਲਾ ਐਡਵਾਈਜ਼ਰ ਨੰ. GMCH/HA-1/EA1/2/3/2025/3489 ਮਿਤੀ 09/04/2025 ਪ੍ਰਮੁੱਖ ਅਖ਼ਬਾਰਾਂ ਦੇ ਨਾਲ-ਨਾਲ GMCH ਵੈੱਬਸਾਈਟ www.gmch.gov.in 'ਤੇ ਪ੍ਰਕਾਸ਼ਿਤ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ ਵਿੱਚ ਨਰਸਿੰਗ ਅਫ਼ਸਰਾਂ ਦੇ ਗਰੁੱਪ 'ਬੀ' ਅਹੁਦੇ ਨੂੰ ਭਰਨ ਲਈ ਆਨਲਾਈਨ ਅਰਜ਼ੀਆਂ ਮੰਗੀਆਂ ਗਈਆਂ।
ਨਰਸਿੰਗ ਅਫ਼ਸਰਾਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ 29.06.2025 ਨੂੰ ਆਯੋਜਿਤ ਕੀਤੀ ਗਈ ਸੀ। ਲਿਖਤੀ ਪ੍ਰੀਖਿਆ ਦੇ ਆਧਾਰ 'ਤੇ, ਸ਼੍ਰੇਣੀ ਅਨੁਸਾਰ ਮੈਰਿਟ ਸੂਚੀ ਮਿਤੀ 14-07-2025 ਨੂੰ GMCH ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਸੀ। ਇਸ ਅਨੁਸਾਰ, ਕਾਊਂਸਲਿੰਗ ਦੇ ਦੂਜੇ ਪੜਾਅ ਲਈ, ਮੈਰਿਟ ਸੂਚੀ ਅਨੁਸਾਰ ਉਮੀਦਵਾਰਾਂ ਨੂੰ ਜ਼ਰੂਰੀ ਯੋਗਤਾ ਦੇ ਅਸਲ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਹੋਰ ਸੰਬੰਧਿਤ ਸਰਟੀਫਿਕੇਟ ਦੇ ਨਾਲ-ਨਾਲ 02 ਫੋਟੋ ਕਾਪੀਆਂ (ਸਵੈ-ਪ੍ਰਮਾਣਿਤ), 04 ਪਾਸਪੋਰਟ ਆਕਾਰ ਦੀਆਂ ਫੋਟੋਆਂ (ਅਰਜ਼ੀ ਫਾਰਮ 'ਤੇ ਦਿੱਤੇ ਅਨੁਸਾਰ), ਆਧਾਰ ਕਾਰਡ ਆਦਿ ਦੇ ਨਾਲ ਨਿੱਜੀ ਤੌਰ 'ਤੇ ਹਾਜ਼ਰ ਹੋਣ ਲਈ ਨਿਰਦੇਸ਼ ਦਿੱਤੇ ਜਾਂਦੇ ਹਨ, ਨਹੀਂ ਤਾਂ ਉਨ੍ਹਾਂ ਦੀ ਉਮੀਦਵਾਰੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਇਸਦੇ ਲਈ ਸਥਾਨ ਆਡੀਟੋਰੀਅਮ, ਲੈਵਲ-VII, ਬਲਾਕ-E, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸੈਕਟਰ-32, ਚੰਡੀਗੜ੍ਹ ਹੈ ਜੋ ਹੇਠਾਂ ਦਿੱਤੇ ਗਏ ਸ਼ਡਿਊਲ ਅਨੁਸਾਰ ਹੈ: -

ਪ੍ਰਸ਼ੰਸਾ ਪੱਤਰਾਂ ਅਤੇ ਸਰਟੀਫਿਕੇਟਾਂ ਦੀ ਜਾਂਚ:	ਮਿਤੀ ਅਤੇ ਸਮਾਂ
(ਸੰਯੁਕਤ ਮੈਰਿਟ ਸੂਚੀ) ਲੜੀ ਨੰ. 181 ਤੋਂ 258	22.06.2026 ਸਵੇਰੇ 8.00 ਵਜੇ ਤੋਂ ਸ਼ਾਮ 4.00 ਵਜੇ ਤੱਕ
ਅਨੁਸੂਚਿਤ ਜਾਤੀ ਸ਼੍ਰੇਣੀ ਮੈਰਿਟ ਸੂਚੀ ਲੜੀ ਨੰ. 67 ਤੋਂ 74	
EWS ਮੈਰਿਟ ਸੂਚੀ ਲੜੀ ਨੰ. 65 ਤੋਂ 68	

ਡਾਇਰੈਕਟਰ ਪ੍ਰਿੰਸੀਪਲ
GMCH-32, ਚੰਡੀਗੜ੍ਹ
ਨੰਬਰ GMCH/HA-I/EA-VI3127/2026/6416